# ਸੂਰਾ ਸੋ ਪਹਿਚਾਣੀਏ ਜੋ ਲੜੇ ਦੀਨ ਕੇ ਹੇਤ
# ਪੁਰਜਾ ਪੁਰਜਾ ਕੱਟ ਮਰੇ ਕਬਹੂੰ ਨਾ ਛੋਡੇ ਖੇਤ

ਹਿੰਦੁਸਤਾਨ ਵਿਚ ਚੌਧਵੀਂ ਸਦੀ ਦਾ ਸਮਾਂ ਧਾੜਵੀਆਂ ਅਤੇ ਹਮਲਾਵਰਾਂ ਦੇ ਜ਼ੋਰ ਦਾ ਸਮਾਂ ਸੀ। ਹਰੇਕ ਲੁਟੇਰਾ ਅਤੇ ਜਾਬਰ ਲੋਕਾਂ ਨੂੰ ਲੁੱਟ ਮਾਰ ਕੇ ਆਪਣੀ ਬਹਾਦੁਰੀ ਦਾ ਗੁਣ ਗਇਨ ਕਰ ਰਿਹਾ ਸੀ। ਪਿੰਡਾਂ ਅਤੇ ਸ਼ਹਿਰਾਂ ਦੇ ਵਾਸੀਆਂ ਨੂੰ ਜਬਰਨ ਲੁੱਟ ਲਿਆ ਜਾਂਦਾ ਸੀ। ਦਿੱਲੀ ਦਰਬਾਰ ਅਤੇ ਸੂਬੇਦਾਰਾਂ ਦੀ ਅੱਤ ਦੀ ਚੜ੍ਹ ਮੱਚੀ ਹੋਈ ਸੀ। ਪੰਡਿਤ ਅਤੇ ਮੌਲਵੀ ਇਨ੍ਹਾਂ ਜਾਬਰਾਂ ਦੇ ਸੋਹਲੇ ਗਾ ਰਹੇ ਸਨ ਅਤਏ ਉਨ੍ਹਾਂ ਨੂੰ ਵੱਡੇ ਗਾਜ਼ੀ ਅਤੇ ਬਹਾਦਰ ਦੱਸ ਰਹੇ ਸਨ।

ਇਹ ਸਮਾਂ ਕਬੀਰ ਦਾ ਵੀ ਸਮਾਂ ਹੈ ਤੇ ਉਹ ਇਸ ਵੇਲੇ ਇਕ ਬਹੁਤ ਹੀ ਅਹਿਮ ਸੁਆਲ ਉਠਾਂਉਦੇ ਹਨ ਕਿ ਬਹਾਦੁਰ ਕੌਣ ਹੈ? ਬਹਾਦਰ ਦੀ ਕੀ ਪਛਾਣ ਹੈ? ਕਬੀਰ ਜੀ ਇਸ ਦਾ ਜਵਾਬ ਦਿੰਦੇ ਹਨ ਕਿ- **ਸੂਰਾ ਸੋ ਪਹਿਚਾਣੀਏ ਜੋ ਲੜੇ ਦੀਨ ਕੇ ਹੇਤੁ**। ਉਹ ਕਹਿੰਦੇ ਹਨ ਕਿ ਬਹਾਦੁਰ ਦੀ ਪਛਾਣ ਹੈ ਜੋ ਲੁੱਟ ਦੇ ਖਿਲਾਫ ਅਤੇ ਲੁੱਟੀਂਦੇ ਲੋਕਾਂ ਦੀ ਰਾਖੀ ਲਈ, ਉਨ੍ਹਾਂ ਦੇ ਹੱਕਾਂ ਲਈ ਲੜਦਾ ਹੈ, ਦੀਨ ਦੇ ਹਿਤ ਲਈ ਲੜਦਾ ਹੈ। ਇਥੇ ਦੀਨ ਦੇ ਅਰਥ ਹਨ ਹਨ ਸਧਾਰਣ ਇਨਸਾਨ, ਮੇਹਨਤਕਸ਼ ਅਤੇ ਆਮ ਲੋਕ, ਕਬੀਰ ਵਰਗੇ। ਇਸ ਦੀਨ ਦੇ ਜੋ ਆਗੂ ਹਨ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਤਿਆਗ ਦਿਤਾ ਹੈ। ਉਹ ਇਨ੍ਹਾਂ ਦੀ ਲੁੱਟ ਵਿਚ ਧਾੜਵੀਆਂ ਨਾਲ ਹੀ ਸ਼ਾਮਿਲ ਹੋ ਗਏ ਹਨ। ਸਮਾਜ ਦੀ ਬਣਤਰ ਅਤੇ ਬੁਨਿਆਦ ਉੱਤੇ ਮਾਰੂ ਹਮਲੇ ਹੋ ਰਹੇ ਹਨ। ਇਨ੍ਹਾਂ ਹਾਲਾਤ ਵਿਚ ਕਬੀਰ ਹੋਰੀਂ ਕਹਿੰਦੇ ਹਨ ਕਿ ਬਹਾਦਰ ਉਹ ਹੈ ਜਿਹੜਾ ਇਨ੍ਹਾਂ ਤਾਕਤਾਂ ਨਾਲ, ਧਾੜਵੀਆਂ ਨਾਲ, ਲੋਕਾਂ ਦੇ ਭਲੇ ਅਤੇ ਇਨਸਾਫ ਲਈ ਲੋਹਾ ਲੈਂਦਾ ਹੈ, ਲੜਾਈ ਦੇ ਮੈਦਾਨ ਵਿਚ ਆਉਂਦਾ ਹੈ, ਅਤੇ ਜਦੋਂ ਉਹ ਇਸ ਮੈਦਾਨ ਵਿਚ ਆ ਜਾਂਦਾ ਹੈ ਤਾਂ ਉਹ ਆਪਣਾ ਸਿਦਕ ਨਹੀਂ ਛੱਡਦਾ ਭਾਵੇਂ ਕੁਝ ਵੀ ਹੋ ਜਾਵੇ। ਇਸੇ ਲਈ ਭਗਤ ਕਬੀਰ ਕਹਿੰਦੇ ਹਨ **ਪੁਰਜਾ ਪੁਰਜਾ ਕੱਟ ਮਰੇ ਪਰ ਕਬਹੂੰ ਨਾ ਛੋਡੇ ਖੇਤ--** ਦੀਨ ਦੀ ਲੜਾਈ ਦੇ ਇਸ ਮੈਦਾਨ ਵਿਚ ਭਾਵੇਂ ਉਸ ਦੇ ਟੁਕੜੇ ਟੁਕੜੇ ਕਿਉਂ ਨਾ ਹੋ ਜਾਣ, ਜਾਨ ਮਾਲ ਦਾ ਭਾਵੇ ਕਿਨ੍ਹਾਂ ਵੀ ਨੁਕਸਾਨ ਹੋਵੇ, ਉਹ ਆਪਣੇ ਰਾਹ ਤੋਂ ਵਿਹਰਦਾ ਨਹੀਂ, ਕੁਰਾਹੇ ਨਹੀਂ ਪੈਂਦਾ। ਕਬੀਰ ਦੀ ਇਹ ਰਮਜ਼ ਬਹੁਤ ਹੀ ਡੂੰਘਾਈ ਵਾਲੀ ਹੈ। ਇਕ ਦਿਨ ਲਈ ਜਾਂ ਕੁਝ ਸਮੇਂ ਲਈ ਜਾਂ ਇਕ ਲੜਾਈ ਵਿਚ ਬਹਾਦਰ ਹੋਣਾ ਤਾਂ ਸੌਖਾ ਹੈ ਪਰ ਲੜਾਈ ਦੇ ਫੈਸਲੇ ਤਾਈਂ ਬਹਾਦਰ ਹੋਣਾ ਹੀ ਅਸਲੀ ਬਹਾਦਰੀ ਹੈ। ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਕੁਝ ਇਨਸਾਨ ਕੁਝ ਸਮੇਂ ਲਈ ਤਾਂ ਅਸੂਲ ਤੇ ਖੜਦੇ ਹਨ ਪਰ ਕੁਝ ਸਮੇਂ ਬਾਅਦ ਅਸੂਲ ਛੱਡ ਜਾਂਦੇ ਹਨ। ਭਗਤ ਕਬੀਰ ਕਹਿੰਦੇ ਹਨ ਕਿ ਲਗਾਤਾਰ ਅਸੂਲ ਤੇ ਪਹਿਰਾ ਦੇਣ ਵਿਚ ਹੀ ਅਸਲੀ ਬਹਾਦਰੀ ਹੈ। ਕਬੀਰ ਉਸ ਨੂੰ ਹੀ ਬਹਾਦਰ ਮੰਨਦੇ ਹਨ ਜੋ ਹੱਕ ਤੇ ਸੱਚ ਦੀ ਇਸ ਲੜਾਈ ਦੀ ਆਖ਼ਰੀ ਮੰਜ਼ਿਲ ਤੱਕ ਪਹੁੰਚਣ ਤੱਕ ਥਿੜਕਦਾ ਨਹੀਂ ਹੈ ਭਾਵੇ ਉਸ ਦੇ ਟੁਕੜੇ ਟੁਕੜੇ ਹੀ ਹੋ ਜਾਣ।

ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਕੁਝ ਬੰਦੇ ਲੜਾਈ ਦੇ ਇਕ ਦੋ ਪੜਾਅ ਤੋਂ ਲੰਘ ਕੇ ਥੱਕ ਜਾਂਦੇ ਹਨ ਤੇ ਬੈਠ ਜਾਂਦੇ ਹਨ ਜਾਂ ਕਹਿੰਦੇ ਹਨ ਕਿ ਇਹ ਕੰਮ ਬਹੁਤ ਮੁਸ਼ਕਲ ਹੈ। ਕਈ ਇਥੇ ਤੱਕ ਵੀ ਚਲੇ ਜਾਂਦੇ ਹਨ ਕੇ ਹਾਕਮਾਂ ਦੇ ਮੁਖ਼ਬਰ ਬਣ ਕੇ ਮੁਖ਼ਬਰੀਆਂ ਵੀ ਕਰਨ ਲੱਗ ਪੈਂਦੇ ਹਨ ਤੇ ਆਪਣੇ ਆਪ ਨੂੰ ਫੇਰ ਵੀ ਬਹਾਦਰ ਹੀ ਕਹਿੰਦੇ ਹਨ। ਮਿਸਾਲ ਦੇ ਤੌਰ ਤੇ ਨਕਸਲਬਾੜੀ ਲਹਿਰ ਦੇ ਦੌਰਾਨ ਲੋਕਾਂ ਨੇ ਬਹੁਤ ਬਹਾਦਰੀ ਨਾਲ ਸੰਘਰਸ਼ ਕੀਤਾ। ਇਸ ਸੰਘਰਸ਼ ਵਿਚ ਕੁਝ ਕੁ ਬੰਦਿਆਂ ਨੇ ਤਸੀਹੇ ਸਹਿਣ ਦੇ ਬਾਅਦ ਸੰਘਰਸ਼ ਦੇ ਰਾਹ ਤੋਂ ਮੂੰਹ ਮੋੜ ਲਿਆ, ਅਤੇ ਕੁਝ ਸਰਕਾਰ ਦੇ ਮੁਖ਼ਬਰ ਹੋ ਗਏ। ਪਰ ਉਹ ਆਪਣੇ ਆਪ ਨੂੰ ਹਾਲੇ ਵੀ ਬਹਾਦਰ ਹੀ ਕਹਾਉਂਦੇ ਹਨ। ਕਬੀਰ ਦੇ ਸਮੇਂ ਵਿਚ ਵੀ ਇਹੋ ਜਿਹੇ ਬਹਾਦਰ ਸਨ ਜੋ ਕਿ ਧਾੜਵੀਆਂ ਅਤੇ ਲੁਟੇਰਿਆਂ ਨਾਲ ਇਕ ਦੋ ਲੜਾਈਆਂ ਬਾਅਦ ਸਮਝੌਤੇ ਕਰ ਲੈਂਦੇ ਸੀ ਅਤੇ ਫਿਰ ਵੀ ਆਪਣੇ ਆਪ ਨੂੰ ਗਾਜ਼ੀ ਅਤੇ ਬਹਾਦਰ ਕਹਾਉਂਦੇ ਸੀ। ਪਰ ਭਗਤ ਕਬੀਰ ਉਨ੍ਹਾਂ ਨੂੰ ਬਹਾਦਰ ਨਹੀਂ ਮੰਨਦੇ। ਕਿਉਂਕਿ ਉਹ ਤਾਂ ਜੋ ***ਦੀਨ ਕੇ ਹੇਤ ਲੜਾਈ*** ਹੈ ਉਸ ਨੂੰ ਛੱਡ ਗਏ ਹਨ। ਉਹ ਕਹਿੰਦੇ ਹਨ ਕਿ ਬਹਾਦਰ ਉਹੀ ਹੈ ਜੋ ਇਸ ਲੜਾਈ ਵਿਚ, ਪੁਰਾਣੇ ਨਾਲ ਨਵੇਂ ਦੀ ਨਵੀਂ ਉਸਾਰੀ ਲਈ ਲੜਾਈ ਵਿਚ ਮੈਦਾਨ ਨਹੀਂ ਛੱਡਦਾ ਭਾਵੇਂ ਉਸ ਦਾ ਸਭ ਕੁਝ ਹੀ ਖ਼ਤਮ ਹੋ ਜਾਵੇ। ਇਹ ਨਵੀਂ ਉਸਾਰੀ ਬਿਨਾਂ ਕੁਰਬਾਨੀ ਤੋਂ ਨਹੀਂ ਹੋ ਸਕਦੀ। ਭਗਤ ਕਬੀਰ ਖੇਤ ਦਾ ਅਲੰਕਾਰ ਵਰਤਦੇ ਹਨ ਕਿ ਕੁਝ ਵੀ ਹੋ ਜਾਵੇ ਸੂਰਮਾ ਕਦੇ ਖੇਤ ਨਹੀਂ ਛੱਡਦਾ। ਖੇਤ ਉਹ ਸ਼ੈਅ ਹੈ ਜਿਸ ਰਾਹੀਂ ਅਸੀਂ ਆਪਣੀ ਮਿਹਨਤ ਨਾਲ ਸਮਾਜ ਦੇ ਜੀਣ ਲਈ ਵਸੀਲੇ ਪੈਦਾ ਕਰਦੇ ਹਾਂ। ਇਹ ਕੁਦਰਤ ਦਾ ਉਹ ਸੋਮਾ ਹੈ ਜਿਸ ਤੋਂ ਫਸਲਾਂ ਹਾਸਲ ਹੁੰਦੀਆਂ ਹਨ। ਕਿਸਾਨ ਖੇਤ ਵਿਚ ਹੱਲ ਵਾਹੁੰਦਾ ਹੈ, ਪੱਧਰਾ ਕਰਦਾ ਹੈ, ਬੀ ਬੀਜਦਾ ਹੈ, ਪਾਣੀ ਲਾਉਂਦਾ ਹੈ ਅਤੇ ਫਿਰ ਖੇਤ ਦੀ ਰਾਖੀ ਪੰਛੀਆਂ ਅਤੇ ਜਾਨਵਰਾਂ ਤੋਂ ਕਰਦਾ ਹੈ। ਤਦ ਕਿਤੇ ਜਾ ਕੇ ਫ਼ਸਲ ਵਾਢੀ ਦਾ ਸਮਾਂ ਆਉਂਦਾ ਹੈ। ਬੜੀ ਬਹਾਦਰੀ, ਸਿਰੜ ਅਤੇ ਮਿਹਨਤ ਨਾਲ ਨਾਲ ਅੰਨ ਅਤੇ ਧੰਨ ਪੈਦਾ ਕਰਦਾ ਹੈ। ਇਸ ਖੇਤ ਨੂੰ ਬਚਾਉਣ ਲਈ ਭਾਵੇ ਉਸ ਨੂੰ ਆਪਣੀ ਜਾਨ ਦੀ ਕੁਰਬਾਨੀ ਵੀ ਦੇਣੀ ਪਵੇ ਤਾਂ ਉਹ ਦੇ ਦਿੰਦਾ ਹੈ। ਕਬੀਰ ਜੀ ਕਹਿੰਦੇ ਹਨ ਕਿ ਇਹ ਹੀ ਅਸਲੀ ਬਹਾਦਰੀ ਹੈ। ਖੇਤ ਹੀ ਸਾਡੀ ਕਰਮ ਭੂਮੀ ਅਤੇ ਧਰਮ ਭੂਮੀ ਹੈ। ਬਹਾਦਰ ਦਾ ਕਰਮ ਅਤੇ ਧਰਮ ਇਸ ਖੇਤ ਲਈ, ਨਵੀਂ ਉਸਾਰੀ ਲਈ ਲੜਨਾ ਹੈ। ਇਹ ਹੀ ਬਹਾਦਰ ਦਾ ਦੀਨ ਹੈ ਜਿਹਦੇ ਲਈ ਉਹ ਪੁਰਜਾ ਪੁਰਜਾ ਹੋ ਕੱਟਦਾ ਹੈ।

ਇਕ ਹੋਰ ਪੱਧਰ ਤੇ ਇਹ ਲੜਾਈ ਆਪਣੇ ਜ਼ਮੀਰ ਦੇ ਹੱਕ ਦੀ ਲੜਾਈ ਵੀ ਹੈ। ਮਜ਼੍ਹਬਾਂ ਦੇ ਠੇਕੇਦਾਰ ਮੁੱਲਾਂ ਅਤੇ ਪਾਂਡੇ ਲੋਕਾਂ ਉੱਤੇ ਆਪਣੀ ਧੌਂਸ ਠੋਸ ਕੇ ਉਨ੍ਹਾਂ ਨੂੰ ਕੁਰੀਤੀਆਂ ਵਿਚ ਜਕੜਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਧੌਂਸ ਨਾਲ ਉਹ

ਲੋਕਾਂ ਨੂੰ ਆਪਣੇ ਜ਼ਮੀਰ ਦਾ ਖੇਤ ਛੱਡਣ ਲਈ ਨਸੀਹਤਾਂ ਕਰ ਰਹੇ ਹਨ। ਹਾਕਮਾਂ ਅਤੇ ਗੈਬੀ ਤਾਕਤਾਂ ਦਾ ਡਰ ਵੀ ਉਨ੍ਹਾਂ ਨੂੰ ਵਿਖਾ ਰਹੇ ਹਨ। ਇਹ ਲੋਕਾਂ ਨੂੰ ਧੌਂਸ ਅਤੇ ਡਰ ਨਾਲ ਕੁਰਾਹੇ ਪਾਉਣ ਦੀ ਕੋਸ਼ਿਸ਼ ਵਿਚ ਹਨ। ਇਨ੍ਹਾਂ ਦੀਆਂ ਗੱਦੀਆਂ ਅਤੇ ਡੇਰੇ ਇੰਜ ਹੀ ਬਰਕਰਾਰ ਰਹਿ ਸਕਦੇ ਹਨ। ਪਰ ਕਬੀਰ ਜੀ ਇਸ ਦੌਰ ਵਿਚ ਗਰਜ ਪੈਂਦੇ ਹਨ ਅਤੇ ਲੋਕਾਂ ਨੂੰ ਵੰਗਾਰਦੇ ਹਨ ਕਿ ਉਨ੍ਹਾਂ ਨੂੰ ਇਸ ਧੌਂਸ ਦਾ ਬਹਾਦਰੀ ਨਾਲ ਮੁਕਾਬਲਾ ਕਰਨ ਦੀ ਲੋੜ ਹੈ। ਇਹ ਉਨ੍ਹਾਂ ਦੇ ਵਜੂਦ ਅਤੇ ਹੋਂਦ ਦੀ ਲੜਾਈ ਹੈ। ਇਸ ਖੇਤ ਲਈ ਭਾਵੇ ਉਨ੍ਹਾਂ ਦਾ ਪੁਰਜਾ ਪੁਰਜਾ ਕੱਟ ਜਾਵੇ ਤਾਂ ਵੀ ਉਨ੍ਹਾਂ ਨੂੰ ਇਹ ਖੇਤ ਨਹੀਂ ਛੱਡਣਾ ਚਾਹੀਦਾ।

ਭਗਤ ਕਬੀਰ ਉਮਰ ਭਰ ਆਪ ਇਹ ਲੜਾਈ ਲੜਦੇ ਰਹੇ। ਕਿਹਾ ਜਾਂਦਾ ਹੈ ਕਿ ਤਿੰਨ ਵਾਰ ਉਨ੍ਹਾਂ ਨੂੰ ਮਾਰਨ ਦੀਆਂ ਸਾਜ਼ਸ਼ਾਂ ਕੀਤੀਆਂ ਗਈਆਂ। ਸੁਲਤਾਨ, ਮੁੱਲਾਂ ਅਤੇ ਪੰਡਿਤ ਸਭ ਉਨ੍ਹਾਂ ਦੇ ਖ਼ਿਲਾਫ਼ ਸਨ। ਪਰ ਆਮ ਲੋਕ -ਦੀਨ- ਉਨ੍ਹਾਂ ਵਾਂਗ ਉਨ੍ਹਾਂ ਦੇ ਨਾਲ ਹੀ ਨਵੀਂ ਉਸਾਰੀ ਦੀ ਇਸ ਲੜਾਈ ਵਿਚ ਸ਼ਾਮਿਲ ਸਨ। ਭਗਤ ਕਬੀਰ ਦਾ ਇਹ ਸ਼ਲੋਕ ਅੱਜ ਵੀ ਸਾਨੂੰ ਵੰਗਾਰਦਾ ਹੈ ਅਤੇ ਹਾਲਾਤ ਦਾ ਨਿਰਨਾ ਕਰਨ ਨੂੰ ਪ੍ਰੇਰਦਾ ਹੈ। ਹਿੰਦੁਸਤਾਨ ਦੇ ਹਾਕਮ ਆਪਣੇ ਆਪ ਨੂੰ ਬਹਾਦਰ ਕਹਿੰਦੇ ਨਹੀਂ ਥੱਕਦੇ। ਪਰ ਹਰ ਕਦਮ ਤੇ ਲੋਕਾਂ ਦੇ ਹੱਕਾਂ ਤੇ ਸੱਟ ਮਾਰਦੇ ਹਨ। ਲੋਕਾਂ ਦੇ ਕਾਤਲਾਂ ਨੂੰ ਬਹਾਦਰੀ ਦੇ ਤਗਮੇ ਵੀ ਦਿੰਦੇ ਹਨ। ਮਿਸਾਲ ਵਜੋਂ, ਪੰਜਾਬ ਅਤੇ ਮਣੀਪੁਰ ਵਿਚ ਲੋਕਾਂ ਦੇ ਕਤਲ ਕਰਨ ਵਾਲੇ ਅਫ਼ਸਰਾਂ ਨੂੰ ਰਾਸ਼ਟਰਪਤੀ ਵਲੋਂ ਬਹਾਦਰੀ ਦੇ ਤਗਮੇ ਦਿੱਤੇ ਜਾਂਦੇ ਹਨ। ਪਰ ਇਹ ਬਹਾਦਰ ਨਹੀਂ ਹਨ। ਇਹ ਤਾਂ ਕਈ ਚਿਰ ਪਹਿਲਾਂ ਤੋਂ ਖੇਤ ਦੀ ਰਾਖੀ ਛੱਡ ਕੇ ਇਹਨੂੰ ਉਜਾੜਨ ਦੇ ਰਾਹ ਪੈ ਚੁੱਕੇ ਹਨ। ਅਸਲੀ ਬਹਾਦਰ ਸੱਚ ਤੇ ਹੱਕ ਲਈ ਲੜਨ ਵਾਲੇ ਉਹ ਲੋਕ ਹਨ ਜਿਨ੍ਹਾਂ ਦੇ ਇਹ ਕਤਲ ਕਰਦੇ ਹਨ।

ਅੱਜ ਬੁਸ਼ ਅਤੇ ਬਲੇਅਰ ਵੀ ਲੋਕਾਂ ਦੇ ਜ਼ਮੀਰ ਦੇ ਹੱਕ ਤੇ ਇਹੋ ਜਿਹੀ ਧੌਂਸ ਠੋਸਣ ਦੀ ਕੋਸ਼ਿਸ਼ ਵਿਚ ਹਨ। ਉਹ ਕਹਿੰਦੇ ਹਨ ਕਿ ਲੋਕ ਆਪਣੇ ਜ਼ਮੀਰ ਦਾ ਹੱਕ ਇਨ੍ਹਾਂ ਨੂੰ ਦੇ ਦੇਣ। ਲੋਕ ਉਹੀ ਕੁਝ ਸੋਚਣ ਅਤੇ ਕਰਨ ਜੋ ਇਹ ਕਹਿੰਦੇ ਹਨ। ਇਹ ਦੁਨੀਆ ਭਰ ਦੇ ਲੋਕਾਂ ਨੂੰ ਕਹਿੰਦੇ ਹਨ ਕਿ ਜੋ ਅਸੀਂ ਕਹਿੰਦੇ ਹਾਂ ਉਸ ਤਰੀਕੇ ਨਾਲ ਚਲੋ ਤੇ ਆਪਣੀ ਅਕਲ, ਸੂਝ, ਤਜਰਬੇ ਅਤੇ ਦਰਸ਼ਨ ਦੇ ਦੱਸੇ ਹੋਏ ਰਾਹ ਨੂੰ ਭੁਲ ਜਾਉ। ਪਰ ਦੁਨੀਆ ਦੇ ਬਹਾਦਰ ਲੋਕ ਕਦੇ ਵੀ ਇਨ੍ਹਾਂ ਜਾਬਰਾਂ ਦੀ ਧੌਂਸ ਨੂੰ ਮਨਜ਼ੂਰ ਨਹੀਂ ਕਰ ਸਕਦੇ।